ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ
(ਆਰ.ਆਰ.ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਉਪ ਮੰਡਲ ਮੈਜਿਸਟਰੇਟ ।

ਮੀਮੋ ਨੰ:6/47/2002-ਰਰ-3/18933
ਚੰਡੀਗੜ੍ਹ, ਮਿਤੀ 4 ਦਸੰਬਰ, 2002.

ਵਿਸ਼ਾ :- ਅੱਤਵਾਦ/ਦੰਗਾ ਪੀੜਤ ਵਿਧਵਾਵਾਂ/ਲਾਭ-ਪਾਤਰਾਂ ਦਾ ਗੁਜ਼ਾਰਾ ਭੱਤਾ ਇੱਕ ਸਬ ਡਵੀਜ਼ਨ ਤੋਂ ਦੂਜੀ ਸਬ ਡਵੀਜ਼ਨ ਵਿੱਚ ਤਬਦੀਲ ਕਰਨ ਬਾਰੇ ।

---

ਸਰਕਾਰ ਦੇ ਪੱਤਰ ਨੰ: 12(165)90-ਰਰ-ਤਹਿਸੀਲ/10118-10122 ਮਿਤੀ 3-5-90 ਅਨੁਸਾਰ ਅੱਤਵਾਦ ਤੋਂ ਪ੍ਰਭਾਵਿਤ ਵਿਧਵਾਵਾਂ/ਲਾਭ ਪਾਤਰਾਂ ਨੂੰ ਗੁਜ਼ਾਰਾ ਭੱਤਾ ਉਸ ਜ਼ਿਲ੍ਹੇ ਵਿਚੋਂ ਹੀ ਮਿਲਣਯੋਗ ਹੈ ਜਿਥੇ ਘਟਨਾ ਵਾਪਰੀ ਹੋਵੇ । ਪਰ ਸਰਕਾਰ ਦੇ ਧਿਆਨ ਵਿਚ ਅਜਿਹੇ ਕੇਸ ਆਏ ਹਨ, ਜਿਨ੍ਹਾਂ ਵਿਚ ਲਾਭ ਪਾਤਰਾਂ ਵਲੋਂ ਆਪਣੀ ਰਿਹਾਇਸ਼ ਦੂਜੇ ਸਬ ਡਵੀਜ਼ਨ ਵਿਚ ਤਬਦੀਲ ਕਰਨ ਕਰਕੇ ਗੁਜ਼ਾਰੇ ਭੱਤੇ ਦੀ ਅਦਾਇਗੀ ਵਿੱਚ ਦਿੱਕਤ ਪੇਸ਼ ਆ ਰਹੀ ਹੈ ।

2. ਲਾਭ ਪਾਤਰਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਰਾਜ ਅੰਦਰ ਇੱਕ ਸਬ ਡਵੀਜ਼ਨ ਤੋਂ ਕਿਸੇ ਹੋਰ ਸਬ ਡਵੀਜ਼ਨ ਵਿੱਚ ਰਿਹਾਇਸ਼ ਬਦਲਣ ਤੇ ਜੇਕਰ ਕੋਈ ਲਾਭ ਪਾਤਰ ਆਪਣਾ ਗੁਜ਼ਾਰਾ ਭੱਤਾ ਨਵੇਂ ਸਬ ਡਵੀਜ਼ਨ ਤੋਂ ਲੈਣਾ ਚਾਹੇ, ਤਾਂ ਉਸ ਦੀ ਮਿਸਲ ਸੰਪਤ ਨਵੇਂ ਸਬ ਡਵੀਜ਼ਨ ਨੂੰ ਬਦਲ ਦਿੱਤੀ ਜਾਵੇ । ਪਰ ਜੇਕਰ ਕੋਈ ਲਾਭ ਪਾਤਰ ਪੁਰਾਣੇ ਸਬ ਡਵੀਜ਼ਨ ਤੋਂ ਹੀ ਗੁਜ਼ਾਰਾ ਭੱਤਾ ਲੈਣਾ ਚਾਹੁੰਦਾ ਹੈ ਜਾਂ ਪੰਜਾਬ ਤੋਂ ਬਾਹਰ ਰਿਹਾਇਸ਼ ਲੈ ਜਾਂਦਾ ਹੈ ਤਾਂ ਉਸ ਦਾ ਗੁਜ਼ਾਰਾ ਭੱਤਾ ਮੌਜੂਦਾ ਸਬ ਡਵੀਜ਼ਨ ਤੋਂ ਹੀ ਡਰਾਅ/ਡਿਸਬਰਸ ਹੁੰਦਾ ਰਹੇਗਾ ।

3. ਇਹਨਾਂ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ।

ਡਾਇਰੈਕਟਰ-ਕਮ-ਵਧੀਕ ਸਕੱਤਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ ।

ਪਿੱਠ ਅੰਕਣ ਨੰ:6/17/2002-ਰਰ3/18934 ਚੰਡੀਗੜ੍ਹ, ਮਿਤੀ 4 ਦਸੰਬਰ, 2002.

ਇੱਕ ਉਤਾਰਾ ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ ।

ਡਾਇਰੈਕਟਰ-ਕਮ-ਵਧੀਕ ਸਕੱਤਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ ।